ਦਫਤਰ, ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ,ਚੰਡੀਗੜ੍ਹ।
(ਦਫਤਰੀ ਅਮਲਾ ਸਾਖਾ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ,
ਪੰਜਾਬ।
2. ਸਮੂਹ ਜਿਲ੍ਹਾ ਸਿੱਖਿਅ ਅਫਸਰ (ਸੈਸਿ),
ਪੰਜਾਬ ਰਾਜ।

ਮੀਮੋ ਨੰ: 11/13-12 ਦਅ(1)
ਮਿਤੀ ਚੰਡੀਗੜ੍ਹ:

ਵਿਸਾ:- <u>ਦਰਜਾ-4 ਤੋਂ ਬਤੌਰ ਲਾਇਬਰੇਰੀ ਪੱਦ ਉਨੱਤੀ ਕਰਨ ਲਈ ਰੀਵਿਊ ਸੂਚੀ।</u>

ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਦਰਜਾ-4 ਕਰਮਚਾਰੀ ਜੋ ਮੈਟ੍ਰਿਕ ਪਾਸ ਹਨ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਸ.ਐਲ.ਏ. ਅਸਾਮੀ ਲਈ 10% ਅਤੇ ਲਾਈਬਰੇਰੀ ਰਿਸਟੋਰਰ ਦੀ ਪੱਦ ਉਨੱਤੀ ਲਈ 20% ਪੋਸਟਾਂ ਦਾ ਉਪਬੰਧ ਹੈ। ਸਿਵਲ ਰਿੱਟ ਪਟੀਸਨ ਨੰ: 7904/97 ਜਗਤਾਰ ਸਿੰਘ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਆਦੇਸ ਅਨੁਸਾਰ ਮੈਟ੍ਰਿਕ ਦਰਜਾ-4 ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਜਿਸ ਨੂੰ ਦਫਤਰ ਦੇ ਹੁਕਮ ਨੰ: 11/41-98ਦਅ (2) ਮਿਤੀ 25.10.99 ਰਾਹੀਂ ਅੰਤਿਮ ਰੂਪ ਦੇ ਸਰਕੂਲੇਟ ਕਰ ਦਿੱਤਾ ਗਿਆ ਸੀ।

ਸਾਲ 1983 ਤੋਂ ਪਹਿਲਾਂ ਐਸ.ਐਲ.ਦੀਆਂ ਅਸਾਮੀਆਂ ਦਰਜਾ-4 ਕਾਡਰ ਦੀਆਂ ਸਨ ਅਤੇ ਉਨ੍ਹਾਂ ਦੀ ਸੀਨੀਆਰਤਾ ਜਿਲ੍ਹਾ ਪੱਧਰ ਤੇ ਮੈਨਟੈਨ ਕੀਤੀ ਜਾਂਦੀ ਸੀ। ਇਸ ਸੀਨੀਆਰਤਾ ਦੇ ਅਧਾਰ ਤੇ ਜਿਲ੍ਹਾ ਸਿੱਖਿਆ ਅਫਸਰਾ ਵਲੋਂ ਦਰਜਾ-4 ਕਰਮਚਾਰੀਆਂ ਨੂੰ ਐਸ.ਐਲ.ਏ. ਪੱਦ ਉਨੱਤ ਕਰ ਦਿੱਤਾ ਗਿਆ ਸੀ, ਲੇਕਿਨ ਸਟੇਟ ਪੱਧਰ ਤੇ ਜੋ ਸੀਨੀਆਰਤਾ ਸੂਚੀ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਬਣਾਈ ਗਈ ਸੀ, ਉਸ ਅਨੁਸਾਰ ਪੱਦ ਉਨੱਤ ਕਰਮਚਾਰੀ ਜੂਨੀਅਰ ਹੋ ਗਏ। ਇਸ ਸਟੇਟ ਦੀ ਸੂਚੀ ਅਨੁਸਾਰ ਕੁਝ ਦਰਜਾ 4 ਕਰਮਚਾਰੀ ਸੀਨੀਅਰ ਹੋ ਗਏ। ਜਿਨ੍ਹਾਂ ਦੀ ਪੱਦ ਉਨੱਤੀ ਨਹੀਂ ਹੋਈ। ਇਨ੍ਹਾਂ ਸੀਨੀਅਰ ਦਰਜਾ-4 ਕਰਮਚਾਰੀਆਂ ਵਲੋਂ ਮਾਨਯੋਗ ਹਾਈਕੋਰਟ ਵਿੱਚ ਵੱਖ ਵੱਖ ਰਿੱਟ ਪਟੀਸਨਾਂ ਰਾਹੀਂ ਜੂਨੀਅਰ ਦੀ ਪੱਦ ਉਨੱਤੀ ਦੀ ਮਿਤੀ ਤੋਂ ਤਰੱਕੀ ਦੀ ਮੰਗ ਕੀਤੀ ਗਈ।

ਇਹ ਦੱਸਣਾ ਉਚਿਤ ਹੋਵੇਗਾ ਕਿ ਖੇਤਰੀ ਦਫਤਰਾਂ ਵਿੱਚ ਐਸ.ਐਲ.ਏ ਦੀਆਂ ਕੁੱਲ 2234 ਅਸਾਮੀਆਂ ਮੰਜੂਰਸੁਦਾ ਹਨ ਅਤੇ ਸਾਲ 2010 ਵਿੱਚ ਨਬਾਰਡ ਸਕੀਮ ਅਧੀਨ 500 ਹੋਰ ਅਸਾਮੀਆਂ ਆਈਆਂ ਸਨ। ਜਿਨ੍ਹਾਂ ਤੇ ਨਿਯੁਕਤੀ ਸਾਲ 2011 ਵਿੱਚ ਕੀਤੀ ਗਈ ਹੈ। ਇਸ ਤਰ੍ਹਾਂ ਸਾਲ

2011 ਤੋਂ ਪਹਿਲਾਂ 2234 ਅਸਾਮੀਆਂ ਵਿਰੁੱਧ 10% ਦੇ ਹਿਸਾਬ ਨਾਲ 223 ਅਤੇ ਸਾਲ 2011 ਤੋਂ 50 ਹੋਰ ਅਸਾਮੀਆਂ ਵਿਰੁੱਧ ਐਸ.ਐਲ.ਏ ਤਰੱਕੀ ਦਿੱਤੀ ਜਾ ਸਕਦੀ ਹੈ।

ਇਸ ਲੰਬੀ ਕੰਟਰੋਬਰਸੀ ਨੂੰ ਨਿਪਟਾਉਣ ਲਈ ਵਿਭਾਗ ਵਲੋਂ ਐਸ.ਐਲ.ਏ, ਲਾਇਬਰੇਰੀ ਰਿਸਟੋਰਰ ਦੀਆਂ ਪੱਦ ਉਨੱਤੀਆਂ ਦਾ ਰਿਵਿਊ ਕੀਤਾ ਗਿਆ ਹੈ। ਇਸ ਸਬੰਧੀ ਸੀ.ਓ.ਸੀ.ਪੀ. 457 ਆਫ 2012 ਗੁਰਦੀਪ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਅਜਿਹੇ ਕੇਸਾਂ ਵਿੱਚ ਮਾਨਯੋਗ ਹਾਈਕੋਰਟ ਨੂੰ ਪੇਸੀ ਸਮੇਂ ਮਿਤੀ 04.05.2012 ਨੂੰ ਸਥਿਤੀ ਤੋਂ  ਪੂਰੀ ਤਰ੍ਹਾਂ ਜਾਣੂ ਕਰਵਾਇਆ ਗਿਆ ਸੀ ਅਤੇ ਉਨ੍ਹਾਂ ਵਲੋਂ ਇਹ ਰਿਵਿਊ 2 ਮਹੀਨੇ ਵਿੱਚ ਪੂਰਾ ਕਰਨ ਦੇ ਆਦੇਸ ਦਿੱਤੇ ਗਏ ਹਨ ਤਾਂ ਜੋ ਵੱਖ ਵੱਖ ਪਟੀਸਨਰਜ ਦੀ ਮੰਗ ਅਨੁਸਾਰ ਸੀਨੀਅਰ ਕਰਮਚਾਰੀਆਂ ਨੂੰ ਪੱਦ ਉਨਤੀ ਦਾ ਲਾਭ ਮਿਲ ਸਕੇ।

ਆਪ ਵਲੋਂ ਪੇਸ ਕੀਤੇ ਗਏ ਰਿਕਾਰਡ ਅਨੁਸਾਰ ਰੀਵਿਊ ਸੂਚੀ ਤਿਆਰ ਕੀਤੀ ਗਈ ਹੈ, ਲੇਕਿਨ ਇਸ ਵਿੱਚ ਕੁਝ ਕਰਮਚਾਰੀਆਂ ਦੇ ਵੇਰਵੇ ਪੂਰੇ ਨਹੀਂ ਹਨ। ਇਸ ਲਈ ਰੀਵਿਊ ਸੂਚੀ ਨੂੰ ਵਿਭਾਗ ਦੀ ਵੈਬ ਸਾਈਟ (web site) ਤੇ ਪਾ ਦਿੱਤਾ ਗਿਆ ਹੈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਰੀਵਿਊ ਸੂਚੀ ਨੂੰ ਸਮੂਹ ਐਸ.ਐਲ.ਏ/ਲਾਇਬਰੇਰੀ ਰਿਸਟੋਰਰ ਅਤੇ ਦਰਜਾ 4 ਕਰਮਚਾਰੀਆਂ ਨੂੰ ਧਿਆਨ ਵਿੱਚ ਲਿਆ ਦਿੱਤੀ ਜਾਵੇ, ਕਿ ਵਿਭਾਗ ਦੀ ਵੈਬਸਾਈਟ ਤੇ ਪਾਈ ਗਈ ਰਿਵਿਊ ਸੂਚੀ ਸਬੰਧੀ ਜੇਕਰ ਕਿਸ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ ਦਸਤਾਵੇਜੀ ਸਬੂਤਾਂ ਸਹਿਤ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਰਾਹੀਂ ਵਿਭਾਗ ਦੀ ਦਫਤਰੀ ਅਮਲਾ ਸਾਖਾ ਵਿੱਚ ਮਿਤੀ 29.06.12 ਤੱਕ ਪੁੱਜਦਾ ਕਰਨਾ ਯਕੀਨੀ ਬਣਾਉਣ। ਇਸ ਮਿਤੀ ਤੋਂ ਬਾਅਦ ਕੋਈ ਇਤਰਾਜ ਐਂਟਰਟੇਨ ਨਹੀਂ ਕੀਤਾ ਜਾਵੇਗਾ।  ਇਥੇ ਇਹ ਦਸਣਾ ਵੀ ਉਚਿਤ ਹੋਵੇਗਾ ਕਿ ਕਿਉਂਜੋਂ ਲਾਇਬੇਰੇਰੀ ਰਿਸਟੋਰਰ ਦੀ ਅਸਾਮੀ ਦਰਜਾ-3 ਕਾਡਰ ਦੀ ਹੈ, ਇਸ ਲਈ ਇਸ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਹੈ, ਇਸ ਤਰ੍ਹਾਂ ਇਹ ਪੱਦ ਉਨੱਤੀ ਕੇਵਲ ਉਨ੍ਹਾਂ ਕਰਮਚਾਰੀਆਂ ਨੂੰ ਮਿਲਣੀ ਯੋਗ ਹੋਵੇਗੀ, ਜਿਨ੍ਹਾਂ ਦੀ ਉਮਰ 58 ਸਾਲ ਤੋਂ ਘੱਟ ਹੈ।

ਡਾਇਰੈਕਟਰ ਪ੍ਰਸਾਸਨ